ਤੁਰੰਤ ਰਿਲੀਜ ਲਈ

## ਬ੍ਰੈਂਪਟਨ ਨੇ ਸੂਬੇ ਤੋਂ ਹੈਲਥਕੇਅਰ ਲਈ ਫੇਅਰ ਡੀਲ ਦੀ ਮੰਗ ਕੀਤੀ

***ਨਿਵਾਸੀ ਇੱਕ ਪਟੀਸ਼ਨ ਤੇ ਦਸਤਖ਼ਤ ਕਰਕੇ, ਆਪਣੀ ਹੈਲਥਕੇਅਰ ਦੀ ਕਹਾਨੀ ਸਾਂਝਾ ਕਰਕੇ ਅਤੇ ਸਾਲ ਦੇ ਅਖੀਰ ਵਿੱਚ ਕਵੀਨਸ ਪਾਰਕ ਵਿੱਚ ਸਾਡੇ ਨਾਲ ਸ਼ਾਮਲ ਹੋ ਕੇ ਇਸ ਮੁਹਿੰਮ ਦਾ ਹਿੱਸਾ ਬਣ ਸਕਦੇ ਹਨ।***

ਬ੍ਰੈਂਪਟਨ, ਓਨਟੈਰੀਓ (18 ਜੂਨ, 2019) – ਬ੍ਰੈਂਪਟਨ ਵਿੱਚ ਹੈਲਥਕੇਅਰ ਲਈ ਲੰਮੇ ਸਮੇਂ ਤੋਂ ਫੰਡਿੰਗ ਦੀ ਘਾਟ ਰਹੀ ਹੈ। ਬ੍ਰੈਂਪਟਨ ਦੇ ਹਸਪਤਾਲਾਂ ਵਿੱਚ ਅਕਸਰ ਵੱਧ ਭੀੜ ਅਤੇ ਹਾਲਵੇ ਮੈਡੀਸਿਨ ਦੀ ਸਥਿਤੀ (ਵਾਰਡਾਂ ਵਿੱਚ ਕਮਰਾ ਨਾ ਹੋਣ ਕਾਰਨ ਰੋਗੀਆਂ ਨੂੰ ਸਟ੍ਰੈਚਰ ਤੇ ਛੱਡਣਾ) ਦੇਖੀ ਜਾਂਦੀ ਹੈ। ਹੁਣ, ਸਿਟੀ ਆਫ ਬ੍ਰੈਂਪਟਨ, ਓਨਟੈਰੀਓ ਸੂਬੇ (Province of Ontario) ਤੋਂ ਸਾਡੇ ਸ਼ਹਿਰ ਵਿੱਚ ਹੈਲਥਕੇਅਰ ਲਈ ਤੁਰੰਤ ਫੰਡਿੰਗ ਦੀ ਮੰਗ ਕਰ ਰਹੀ ਹੈ।

ਅਸੀਂ ਸ਼ਨੀਵਾਰ, 15 ਜੂਨ ਨੂੰ ਬ੍ਰੈਂਪਟਨ ਫਾਰਮਰਸ ਮਾਰਕੀਟ ਓਪਨਿੰਗ ਡੇ (Brampton Farmers' Market Opening Day) ਦੇ ਮੌਕੇ ਤੇ ਅਧਿਕਾਰਕ ਤੌਰ ਤੇ #FairDealForBrampton (ਫੇਅਰਡੀਲਫੌਰਬ੍ਰੈਂਪਟਨ) ਹੈਲਥਕੇਅਰ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ, ਅਤੇ ਇਸ ਵਿੱਚ ਸ਼ਾਮਲ ਹੋਣ ਦੇ ਕਈ ਤਰੀਕੇ ਹਨ।

**ਸਮੱਸਿਆ**

ਬ੍ਰੈਂਪਟਨ ਦੇ ਨਿਵਾਸੀ ਸਾਡੇ ਭਾਈਚਾਰੇ ਵਿੱਚ ਫੰਡਿੰਗ ਦੀ ਘਾਟ ਵਾਲੀ ਹੈਲਥਕੇਅਰ ਦੇ ਅਸਰ ਨੂੰ ਮਹਿਸੂਸ ਕਰ ਰਹੇ ਹਨ।

- **ਬ੍ਰੈਂਪਟਨ ਨੂੰ ਹੈਲਥਕੇਅਰ ਫੰਡਿੰਗ ਵਿੱਚ ਪ੍ਰਤੀ ਵਿਅਕਤੀ, $1,000 ਘੱਟ ਰਕਮ ਮਿਲਦੀ ਹੈ,** ਜੋ ਸੂਬਾਈ ਔਸਤ ਤੋਂ ਵੀ ਘੱਟ ਹੈ
- ਬ੍ਰੈਂਪਟਨ ਵਿੱਚ ਓਨਟੈਰੀਓ ਦੇ ਹੋਰ ਸ਼ਹਿਰਾਂ ਦੇ ਮੁਕਾਬਲੇ **55 ਪ੍ਰਤੀਸ਼ਤ ਘੱਟ ਹਸਪਤਾਲ ਬੈੱਡ ਉਪਲਬਧ ਹਨ**
- ਬ੍ਰੈਂਪਟਨ ਵਿੱਚ ਕਾਫੀ ਜ਼ਿਆਦਾ ਵਾਧਾ ਹੋ ਰਿਹਾ ਹੈ – **14,000 ਲੋਕ ਹਰ ਸਾਲ ਬ੍ਰੈਂਪਟਨ ਵਿੱਚ ਆਉਂਦੇ ਹਨ,** ਅਤੇ ਸਾਨੂੰ ਆਪਣੀ ਅਬਾਦੀ ਨੂੰ ਸਹਿਯੋਗ ਕਰਨ ਲਈ ਹੈਲਥਕੇਅਰ ਸਬੰਧੀ ਵੱਧ ਵਸੀਲਿਆਂ ਦੀ ਲੋੜ ਹੈ

**ਬੇਨਤੀ**

ਬ੍ਰੈਂਪਟਨ ਨੂੰ ਹੈਲਥਕੇਅਰ ਲਈ ਫੇਅਰ ਡੀਲ ਦੀ ਲੋੜ ਹੈ। ਅਸੀਂ ਸੂਬੇ ਨੂੰ ਬੇਨਤੀ ਕਰ ਰਹੇ ਹਾਂ ਕਿ ਉਹ ਸਾਡੇ ਸ਼ਹਿਰ ਲਈ ਇਹ ਜ਼ਰੂਰੀ ਹੈਲਥਕੇਅਰ ਸੇਵਾਵਾਂ ਅਤੇ ਇੰਫਰਾਸਟ੍ਰਕਚਰ ਪ੍ਰਦਾਨ ਕਰੇ।

- ਪੀਲ ਮੈਮੋਰੀਅਲ ਸੈਂਟਰ (Peel Memorial Centre) ਵਿਖੇ ਅਰਜੈਂਟ ਕੇਅਰ ਸੈਂਟਰ (Urgent Care Centre) ਵਿੱਚ ਰੋਗੀਆਂ ਦੀ ਵਧਦੀ ਸੰਖਿਆ ਨੂੰ ਸਹਿਯੋਗ ਕਰਨ ਲਈ **ਤੁਰੰਤ ਫੰਡਿੰਗ** ਮੁਹੱਈਆ ਕਰਨਾ
- **ਪੀਲ ਮੈਮੋਰੀਅਲ ਸੈਂਟਰ ਵਿਖੇ ਫੇਜ 2** ਨੂੰ ਪੂਰਾ ਕਰਨ ਲਈ ਫੰਡ
- **ਬ੍ਰੈਂਪਟਨ ਵਿੱਚ ਤੀਜੀ ਹੈਲਥਕੇਅਰ ਫੈਸਿਲਿਟੀ** ਦਾ ਨਿਰਮਾਣ

**BRAMPTON Flower City** brampton.ca

**media release**

**ਆਪਣੀ ਮੰਗ ਰੱਖੋ**

ਨਾਲ ਮਿਲ ਕੇ, ਅਸੀਂ ਸੂਬੇ ਤੋਂ ਕਾਰਵਾਈ ਦੀ ਮੰਗ ਕਰ ਸਕਦੇ ਹਾਂ। ਜਾਣੋ ਕਿ ਨਿਵਾਸੀ ਕਿਵੇਂ ਆਪਣੀ ਮੰਗ ਰੱਖ ਸਕਦੇ ਹਨ।

- **ਪਟੀਸ਼ਨ ਤੇ ਦਸਤਖ਼ਤ ਕਰੋ।** ਪਟੀਸ਼ਨ ਹੁਣ ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰਾਂ, ਲਾਇਬ੍ਰੇਰੀਆਂ ਅਤੇ ਸਿਟੀ ਹਾਲ (City Hall) ਵਿੱਚ ਉਪਲਬਧ ਹੈ। ਇਹ ਹਰੇਕ ਸ਼ਨੀਵਾਰ ਨੂੰ ਬ੍ਰੈਂਪਟਨ ਫਾਰਮਰਸ ਮਾਰਕੀਟ ਵਿੱਚ ਅਤੇ ਖਾਸ ਕਾਰਜਕਰਮਾਂ ਵਿੱਚ ਵੀ ਉਪਲਬਧ ਹੋਵੇਗੀ, ਜਿਵੇਂ 1 ਜੁਲਾਈ ਨੂੰ ਚਿੰਗਕੂਜ਼ੀ ਪਾਰਕ (Chinguacousy Park) ਵਿੱਚ ਕੈਨੇਡਾ ਡੇ (Canada Day)। ਪਟੀਸ਼ਨ ਸਥਾਨਾਂ ਲਈ ਇੱਥੇ ਕਲਿੱਕ ਕਰੋ (Click here for petition locations)।
- **ਕਵੀਨਸ ਪਾਰਕ ਵਿੱਚ ਆਪਣੀ ਰਾਏ ਦਿਓ।** ਇਸ ਸਾਲ ਦੇ ਅੰਤ ਵਿੱਚ, ਸਾਡਾ ਉਦੇਸ਼ ਬ੍ਰੈਂਪਟਨ ਵਾਸੀਆਂ ਦੇ ਵੱਡੇ ਸਮੂਹ ਨੂੰ ਕਵੀਨਸ ਪਾਰਕ (Queen's Park) ਵਿਖੇ ਲਿਜਾਉਣਾ ਹੈ, ਤਾਂ ਜੋ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਸੂਬਾ ਸਮਝਦਾ ਹੈ ਕਿ ਸਾਨੂੰ ਬ੍ਰੈਂਪਟਨ ਲਈ ਇੱਕ ਫੇਅਰ ਡੀਲ ਦੀ ਲੋੜ ਹੈ। ਸਾਈਨ ਅੱਪ ਕਰਨ ਲਈ ਇੱਥੇ ਕਲਿੱਕ ਕਰੋ (Click here to sign up)।
- **ਆਪਣੀ ਕਹਾਨੀ ਸਾਂਝਾ ਕਰੋ।** ਨਿਵਾਸੀ ਸਾਡੀ ਟਵਿਬੋਨ ਮੁਹਿੰਮ (Twibbon campaign) ਨੂੰ ਫਾੱਲੋ ਕਰਕੇ, ਸੋਸ਼ਲ ਮੀਡੀਆ ਤੇ #FairDealforBrampton ਵਰਤ ਕੇ, ਸਾਡੇ ਫੇਸਬੁੱਕ ਗਰੁੱਪ (Facebook group) ਵਿੱਚ ਹੋਰਾਂ ਨਾਲ ਜੁੜ ਕੇ ਅਤੇ FairDealForBrampton@brampton.ca ਤੇ ਸਾਨੂੰ ਈਮੇਲ ਕਰਕੇ ਆਪਣੀ ਬ੍ਰੈਂਪਟਨ ਹੈਲਥਕੇਅਰ ਕਹਾਨੀ ਸਾਂਝਾ ਕਰ ਸਕਦੇ ਹਨ।

ਪੂਰੇ ਵੇਰਵੇ www.FairDealForBrampton.ca ਤੇ ਉਪਲਬਧ ਹਨ।

**ਹਵਾਲਾ**

"ਬ੍ਰੈਂਪਟਨ ਦੇ ਹੈਲਥਕੇਅਰ ਸਿਸਟਮ ਲਈ ਲੰਮੇ ਸਮੇਂ ਤੋਂ ਫੰਡਿੰਗ ਦੀ ਘਾਟ ਰਹੀ ਹੈ ਅਤੇ ਸਾਡੇ ਨਿਵਾਸੀ ਅਤੇ ਹੈਲਥਕੇਅਰ ਪ੍ਰਦਾਤਾ ਇਸਤੋਂ ਬਿਹਤਰ ਦੇ ਲਾਇਕ ਹਨ। ਇੱਕ ਸਿਹਤਮੰਦ ਅਤੇ ਸੁਰੱਖਿਅਤ ਸਿਟੀ ਦੇ ਤੌਰ ਤੇ, ਬ੍ਰੈਂਪਟਨ ਨੂੰ ਸਾਡੇ ਵਧਦੇ ਭਾਈਚਾਰੇ ਨੂੰ ਸਹਿਯੋਗ ਕਰਨ ਲਈ ਹੋਰ ਫੰਡਿੰਗ ਅਤੇ ਵਿਸਤ੍ਰਿਤ ਵਸੀਲਿਆਂ ਦੀ ਲੋੜ ਹੈ। ਅਸੀਂ ਕਾਰਵਾਈ ਕਰ ਰਹੇ ਹਾਂ ਅਤੇ ਸੂਬੇ ਨੂੰ ਫੇਅਰ ਡੀਲ ਵਾਸਤੇ ਬੇਨਤੀ ਕਰਨ ਵਿੱਚ ਹਰ ਕਿਸੇ ਨੂੰ ਸ਼ਾਮਲ ਕਰ ਰਹੇ ਹਾਂ। ਸਾਡੀ ਪਟੀਸ਼ਨ ਤੇ ਦਸਤਖ਼ਤ ਕਰਨਾ ਅਤੇ #FairDealForBrampton ਵਰਤਦੇ ਹੋਏ ਸੋਸ਼ਲ ਮੀਡੀਆ ਤੇ ਆਪਣੀ ਕਹਾਨੀ ਸਾਂਝਾ ਕਰਨਾ ਯਾਦ ਰੱਖੋ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ – ਸਿਟੀ ਆਫ ਬ੍ਰੈਂਪਟਨ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca

brampton.ca BRAMPTON Flower City

media release